Tender Heart High School Sec- 33B Chd

Class-7 Ramandeep Kaur

Topic- ਅਣ-ਡਿਠਾ ਪੈਰ੍ਹਾ Page- 1

ਵਿਦਿਆਰਥੀਓ ਇਸ ਹਫਤੇ ਅਸੀਂ 7 ਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੇ ਵਿਆਕਰਣ ਭਾਗ ਵਿੱਚੋਂ ਅਣ-ਡਿੱਠਾ ਪੈਰ੍ਹਾ ਦਾ ਅਭਿਆਸ ਕਰਾਂਗੇ। ਤੁਸੀਂ ਇਸਨੂੰ ਧਿਆਨ ਨਾਲ ਪੜ੍ਹਨਾ ਸਮਝਣਾ ਅਤੇ ਪੁੱਛੇ ਗਏ ਪ੍ਰਸ਼ਨਾਂ ਨੂੰ ਆਪ ਹਲ ਕਰਨ ਦਾ ਯਤਨ ਕਰਨਾ ਹੈ।

## ਅਣ-ਡਿੱਠਾ ਪੈਰ੍ਹਾ

ਇੱਕ ਵਾਰੀ ਇੱਕ ਬਾਰਾਂਸਿੰਗਾ ਤਲਾਅ ਉੱਤੇ ਪਾਣੀ ਪੀਣ ਗਿਆ। ਉਸ ਨੇ ਪਾਣੀ ਵਿੱਚ ਆਪਣਾ ਅਕਸ ਦੇਖਿਆ। ਉਸ ਨੇ ਦੇਖਿਆ ਕਿ ਉਸ ਦੇ ਸਿਰ ਉੱਪਰ ਬਹੁਤ ਹੀ ਸੋਹਣੇ ਸਿੰਗ ਲੱਗੇ ਹੋਏ ਸਨ।

ਉਸ ਨੇ ਸੋਚਿਆ ਕਿ ਕੁਦਰਤ ਨੇ ਉਸ ਨੂੰ ਕਿੰਨਾ ਸੋਹਣਾ ਜਾਨਵਰ ਬਣਾਇਆ ਹੈ। ਇਸ ਗੱਲ ਦਾ ਉਸ ਨੂੰ ਬਹੁਤ ਮਾਣ ਹੋਇਆ। ਪਰ ਜਦੋਂ ਉਸ ਨੇ ਆਪਣੀਆਂ ਪਤਲੀਆਂ-ਪਤਲੀਆਂ ਲੱਤਾਂ ਵੱਲ ਦੇਖਿਆ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਇਨੇ ਸੋਹਣੇ ਸਿੰਗਾਂ ਵਾਲਾ ਉਹ ਜਾਨਵਰ ਆਪਣੀਆਂ ਪਤਲੀਆਂ ਲੱਤਾਂ ਕਰਕੇ ਬਹੁਤ ਕੋਝਾ ਜਾਪ ਰਿਹਾ ਸੀ।

ਹਾਲੇ ਉਹ ਸੋਚ ਹੀ ਰਿਹਾ ਸੀ ਕਿ ਇੱਕ ਪਾਸੇ ਤੋਂ ਗੋਲ਼ੀ ਚੱਲਣ ਦੀ ਅਵਾਜ਼ ਆਈ। ਸ਼ਿਕਾਰੀ ਦੇ ਘੋੜੇ ਦੀ ਅਵਾਜ਼ ਸੁਣ ਕੇ ਉਹ ਦੌੜ ਉੱਠਿਆ। ਪਰ ਝਾੜੀ 'ਚੋਂ ਲੰਘਣ ਲੱਗਿਆਂ ਉਸ ਦੇ ਸਿੰਗ ਝਾੜੀਆਂ ਵਿੱਚ ਫਸ ਗਏ। ਉਸ ਨੇ ਬਹੁਤ ਕੋਸ਼ਸ਼ ਕੀਤੀ ਪਰ ਉਹ ਆਪਣੇ ਆਪ ਨੂੰ ਛੁਡਾ ਨਾ ਸਕਿਆ।

ਸ਼ਿਕਾਰੀ ਉਸ ਦਾ ਪਿੱਛਾ ਕਰਦੇ ਹੋਏ ਉੱਥੇ ਪਹੁੰਚ ਗਏ ਤੇ ਉਸ ਨੂੰ ਫੜ ਲਿਆ। ਬਾਰਾਂਸਿੰਗਾ ਸੋਚ ਰਿਹਾ ਸੀ ਕਿ ਜਿਸ ਚੀਜ਼ ਦਾ ਉਸ ਨੂੰ ਬਹੁਤ ਮਾਣ ਸੀ ਉਸ ਨੇ ਹੀ ਉਸ ਦੀ ਜਾਨ ਖ਼ਤਰੇ ਵਿੱਚ ਪਾ ਦਿੱਤੀ। ਕਾਸ਼ ਇਹ ਸਿੰਗ ਨਾ ਹੁੰਦੇ ਤਾਂ ਉਸ ਦੀਆਂ ਲੱਤਾਂ ਨੇ ਉਸ ਦੀ ਜਾਨ ਬਚਾ ਲੈਣੀ ਸੀ।

Class-7 | Ramandeep Kaur

Topic- ਅਣ-ਡਿੱਠਾ ਪੈਰ੍ਹਾ | Page-2

ਉਪਰੋਕਤ ਪੈਰ੍ਹਾ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ ।

1. ਬਾਰਾਂਸਿੰਗੇ ਨੇ ਪਾਣੀ ਕਿੱਥੋਂ ਪੀਤਾ ?

2. ਪਾਣੀ ਵਿੱਚ ਉਸਨੇ ਕੀ ਵੇਖਿਆ ਅਤੇ ਉਸਨੂੰ ਕੀ ਸੋਚਣਾ ਲੱਗਿਆ ?

3. ਉਸਦੀਆਂ ਲੱਤਾਂ ਕਿਹੋ ਜਹੀਆਂ ਸਨ ?

4. ਗੋਲੀ ਕਿਸਨੇ ਚਲਾਈ ਸੀ ?

5 ਝਾੜੀ ਵਿੱਚ ਕੀ ਫਸ ਗਿਆ ?

6 ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ ।

7 ਸ਼ਬਦਾਂ ਦੇ ਵਾਕ ਬਣਾਓ

1. ਕੁਦਰਤ    3 ਸ਼ਿਕਾਰੀ

2 ਅਵਾਜ਼    4 ਜਾਨਵਰ

ਉਪਰੋਕਤ ਸਾਰੇ ਪ੍ਰਸ਼ਨ ਕਾਪੀ ਤੇ ਲਿਖਣੇ ਹਨ। ਇਹ ਪੈਰ੍ਹਾ ਜਮਾਤ ਵਿੱਚ ਚੰਗੀ ਤਰ੍ਹਾਂ ਵਿਚਾਰਿਆ ਜਾਵੇਗਾ ।

(Last page)